੦੨੯

ਗੁਰੂ ਕੌਣ ਹੈ

(ਲੇਖਕ: ਸੋਹਣ ਸਿੰਘ ਸੀਤਲ)

ਸਿੱਖੀ ਵਿੱਚ ਗੁਰੂ ਦਾ ਦਰਜਾ ਬੜਾ ਮਹਾਨ ਹੈ। ਇਤਿਹਾਸਕ ਪੱਖੋਂ ਦੇਹਧਾਰੀ ਦਸ ਗੁਰੂ ਮੰਨੇ ਜਾਂਦੇ ਹਨ, ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ। ਪਰ ਅੰਤ ਵਿੱਚ ਸਦਾ ਥਿਰ ਰਹਿਣ ਵਾਲਾ ਗੁਰੂ 'ਬਾਣੀ' ਸ਼ਬਦ ਨੂੰ ਹੀ ਮੰਨਿਆ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇਣ ਦਾ ਇਹਾ ਭਾਵ ਸੀ।

ਦਸਾਂ ਗੁਰੂਆਂ ਵਿੱਚੋਂ ਗੁਰੂ ਨਾਨਕ ਦੇਵ ਜੀ ਨੂੰ ਜਨਮ-ਗੁਰੂ ਮੰਨਿਆ ਜਾਂਦਾ ਹੈ ਤੇ ਬਾਕੀ ਨੌਆਂ ਨੂੰ ਚੇਲਾ ਗੁਰੂ। ਸਭ ਤੋਂ ਉਚੇਚੀ ਗੱਲ ਗੁਰੂ ਨਾਨਕ ਜੀ ਨੂੰ ਸਮਝਣ ਦੀ ਹੈ। ਉਨ੍ਹਾਂ ਨੂੰ ਅਸੀਂ ਜਨਮ-ਗੁਰੂ ਮੰਨਦੇ ਹਾਂ। ਭਾਵ, ਉਹ ਪਹਿਲਾਂ ਚੇਲਾ ਤੇ ਫਿਰ ਗੁਰੂ ਨਹੀਂ ਬਣੇ। ਉਹ ਜਨਮ ਤੋਂ ਹੀ ਗੁਰੂ ਸਨ। ਤਾਂ ਕੀ ਉਹ ਆਪ 'ਈਸ਼ਵਰ' ਸਨ? ਜਿਵੇਂ 'ਗੀਤਾ' ਵਿੱਚ ਭਗਵਾਨ ਕ੍ਰਿਸ਼ਨ ਬਾਰੇ ਲਿਖਿਆ ਹੈ। ਭਗਵਾਨ ਕ੍ਰਿਸ਼ਨ ਨੂੰ ਮੰਨਣ ਵਾਲੇ ਉਨ੍ਹਾਂ ਨੂੰ ਈਸ਼ਵਰ (ਵਿਸ਼ਨੂੰ ਦਾ ਅਵਤਾਰ) ਮੰਨਦੇ ਹਨ। ਇਸ ਦੀ ਗਵਾਹੀ 'ਸ੍ਰੀ ਮਦ ਭਗਵਦ ਗੀਤਾ' ਵਿੱਚੋਂ ਮਿਲਦੀ ਹੈ। ਭਗਵਾਨ ਕ੍ਰਿਸ਼ਨ ਕਹਿੰਦੇ ਹਨ:

"ਮੇਰਾ ਜਨਮ ਸਾਧਾਰਣ ਮਨੁੱਖ ਦੇ ਸਾਮਾਨ ਨਹੀਂ ਹੈ। ਮੈਂ ਅਬਿਨਾਸ਼ੀ ਸਰੂਪ, ਅਜਨਮਾ ਹੋਣ ਤੇ ਵੀ ਸਭ (ਭੂਭ) ਹੋਏ ਪ੍ਰਾਣੀਆਂ ਦਾ ਈਸ਼ਵਰ ਹੁੰਦਾ ਹੋਇਆ, ਆਪਣੀ ਪ੍ਰਕ੍ਰਿਤੀ ਨੂੰ ਅਧੀਨ ਕਰਕੇ ਯੋਗ ਮਾਯਾ (ਭਗਵਾਨ ਦੀ ਸਿਰਜਣ ਸ਼ਕਤੀ) ਦੁਆਰਾ ਪ੍ਰਗਟ ਹੁੰਦਾ ਹਾਂ।"

"ਹੇ ਅਰਜਨ! ਜਦੋਂ ਜਦੋਂ ਧਰਮ ਦੀ ਹਾਨੀ ਹੁੰਦੀ ਹੈ ਤੇ ਅਧਰਮ ਵਿੱਚ ਵਾਧਾ ਹੁੰਦਾ ਹੈ, ਤਦ ਤਦ ਹੀ ਮੈਂ ਆਪਣੇ ਰੂਪ ਨੂੰ ਰਚਦਾ ਹਾਂ (ਪ੍ਰਗਟ ਹੁੰਦਾ ਹਾਂ)।"

"ਕਿਉਂਕਿ ਸਾਧੂ ਪੁਰਸ਼ਾਂ ਦਾ ਉਧਾਰ ਕਰਨ ਵਾਸਤੇ ਤੇ ਬੁਰੇ ਕਰਮ ਕਰਨ ਵਾਲਿਆਂ (ਦੁਸ਼ਟਾਂ) ਦਾ ਨਾਸ਼ ਕਰਨ ਵਾਸਤੇ ਅਤੇ ਦੁਬਾਰਾ ਧਰਮ ਸਥਾਪਨ ਕਰਨ ਵਾਸਤੇ, ਮੈਂ ਹਰ ਜੁੱਗ ਵਿੱਚ ਪ੍ਰਗਟ ਹੁੰਦਾ ਹਾਂ।'

"ਹੇ ਅਰਜਨ! ਮੈਂ ਹੀ ਇਸ ਸਾਰੇ ਜਗਤ ਦਾ ਵਿਧਾਤਾ (ਬ੍ਰਹਮਾ, ਵਿਸ਼ਨੂੰ, ਸ਼ਿਵ, ਭਾਵ ਰਚਨ ਵਾਲਾ, ਪਾਲਣ ਵਾਲਾ ਤੇ ਖੈ ਕਰਨ ਵਾਲਾ) ਹਾਂ। ਮੈਂ ਹੀ ਕਰਮਾਂ ਦਾ ਫਲ਼ ਦੇਣ ਵਾਲਾ ਤੇ ਪਿਤਾ, ਮਾਤਾ, ਪਿਤਾਮਾਂ (ਵੱਡਾ) ਹਾਂ, ਅਤੇ ਜਾਨਣਯੋਗ ਪਵਿੱਤ੍ਰ ਓਂਕਾਰ ਤਥਾ ਰਿਗਵੇਦ, ਸਾਮਵੇਦ ਤੇ ਯਜੁਰ ਵੇਦ ਵੀ ਮੈਂ ਹੀ ਹਾਂ।"

"ਮੈਂ (ਵਾਸੁਦੇਵ-ਵਾਸੁਦੇਵ ਦਾ ਪੁੱਤਰ ਕ੍ਰਿਸ਼ਨ) ਹੀ ਸਾਰੇ ਜਗਤ ਦੀ ਉਤਪਤੀ ਦਾ ਕਾਰਨ ਹਾਂ। ਮੇਰੇ ਪਾਸ ਹੀ ਸਾਰਾ ਜਗਤ ਕਾਮਨਾ ਕਰਦਾ ਹੈ। ਇਸ ਤਰ੍ਹਾਂ ਅਸਲੀਅਤ ਨੂੰ ਸਮਝ ਕੇ, ਸ਼ਰਧਾ ਤੇ ਭਗਤੀ ਨਾਲ, ਬੁੱਧੀਮਾਨ ਭਗਤ ਮੈਨੂੰ ਈਸ਼ਵਰ ਨੂੰ ਸਿਮਰਦੇ ਹਨ।"

ਇਸ ਤਰ੍ਹਾਂ ਭਗਵਾਨ ਕ੍ਰਿਸ਼ਨ ਵਾਰ ਵਾਰ ਕਹਿੰਦੇ ਹਨ ਕਿ ਮੈਂ ਹੀ ਈਸ਼ਵਰ ਹਾਂ। ਪਰ ਗੁਰੂ ਨਾਨਕ ਦੇਵ ਜੀ ਕਿਸੇ ਇੱਕ ਥਾਂ ਵੀ ਨਹੀਂ ਲਿਖਦੇ ਕਿ ਮੈਂ "ਈਸ਼ਵਰ" ਜਾਂ "ਈਸ਼ਵਰ ਦਾ ਅਵਤਾਰ" ਹਾਂ। ਸਗੋਂ ਗੁਰਦੇਵ ਆਪਣੇ ਉਪਰ ਆਪਣਾ ਇੱਕ ਸਾਹਿਬ, ਮਾਲਕ, ਖਸਮ, ਠਾਕੁਰ ਮੰਨਦੇ ਹਨ। ਹਜ਼ੂਰ ਦਾ ਫੁਰਮਾਨ ਹੈ:

- ਵਡੇ ਮੇਰੇ ਸਾਹਿਬਾ ਅਲਖ ਅਪਾਰਾ॥ (੫੬੭)

- ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ॥ (੩੫੮)

– ਵਾਹੁ ਖਸਮ ਤੂ ਵਾਹੁ ਜਿਨਿ ਰਚਿ ਰਚਨਾ ਹਮ ਕੀਏ॥ (੭੮੮)

– ਮੈ ਆਧਾਰੁ ਤੇਰਾ ਤੂ ਖਸਮੁ ਮੇਰਾ ਮੈ ਤਾਣੁ ਤਕੀਆ ਤੇਰਓ॥ (੮੪੪)

– ਆਦਿ ਜੁਗਾਦੀ ਅਪਰ ਅਪਾਰੇ॥ ਆਦਿ ਨਿਰੰਜਨ ਖਸਮ ਹਮਾਰੇ॥
ਸਾਚੇ ਜੋਗ ਜੁਗਤਿ ਵੀਚਾਰੀ ਸਾਚੇ ਤਾੜੀ ਲਾਈ ਹੇ॥ (੧੦੨੩)

– ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥ (੭੨੨)

– ਅਪੁਨੇ ਠਾਕੁਰ ਕੀ ਹਉ ਚੇਰੀ॥ ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ॥ਰਹਾਉ॥
ਪੂਰਨ ਪਰਮ ਜੋਤਿ ਪਰਮੇਸਰ ਪ੍ਰੀਤਮ ਪ੍ਰਾਨ ਹਮਾਰੇ॥
ਮੋਹਨ ਮੋਹਿ ਲੀਆ ਮਨੁ ਮੇਰਾ ਸਮਝਸਿ ਸਬਦੁ ਬੀਚਾਰੇ॥ (੧੧੯੭)

– ਹਿਕੋ ਮੈਡਾ ਤੂ ਧਣੀ ਸਾਚਾ ਮੁਖਿ ਨਾਮੁ॥ (੪੧੮)

– ਤੂ ਦਾਤੌ ਹਮ ਜਾਚਿਕਾ ਹਰਿ ਦਰਸਨੁ ਦੀਜੈ॥ (੪੧੯)

‘ਰੱਬ’ ਸਭ ਤੋਂ ਉੱਚੀ ਸ਼ਕਤੀ ਨੂੰ ਮੰਨਿਆ ਜਾਂਦਾ ਹੈ, ਜਿਸ ਦੇ ਉਪਰ ਕੋਈ ਦੂਸਰਾ ਨਹੀਂ। ਪਰ ਜੋ ਮਹਾਨ ਪੁਰਸ਼ ਆਪਣੇ ਉਪਰ ਕਿਸੇ ਹੋਰ ‘ਸ਼ਕਤੀ’ ਨੂੰ ‘ਖਸਮ’ ਜਾਂ ‘ਸਵਾਮੀ’ ਮੰਨਦੇ ਹਨ, ਉਨ੍ਹਾਂ ਨੂੰ ‘ਪਰਮੇਸ਼ਰ’ ਕਹਿਣਾ ਇੱਕ ਵੱਡੀ ਭੁੱਲ ਹੈ। ਤਾਂ ਗੁਰੂ ਨਾਨਕ ਸਾਹਿਬ ਕੀ ਸਨ? ਇਸ ਦਾ ਉੱਤਰ ਵੀ ਹਜ਼ੂਰ ਆਪ ਹੀ ਆਪਣੀ ਬਾਣੀ ਵਿੱਚ ਦੇਂਦੇ ਹਨ:

– ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ॥
ਨਾਨਕ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ॥ (੬੬੦)

ਹਮ (ਅਸੀਂ, ਮੈਂ) ਇੱਕ ਦਮ (ਦੇ ਮਹਿਮਾਨ) ਆਦਮੀ ਹਾਂ। ਮੌਤ ਦੀ ਮੁਹਲਤ (ਸਮਾਂ, ਮਿਆਦ) ਨਹੀਂ ਜਾਣਦੇ। ਨਾਨਕ ਬੇਨਤੀ ਕਰਦਾ ਹੈ ਕਿ ਉਸਨੂੰ ਸਿਮਰੋ, ਜਿਸ ਦੇ ਜੀਅ ਪਰਾਣ ਹਨ।

ਹੋਰ ਕਈ ਥਾਂਵਾਂ ਤੇ ਹਜ਼ੂਰ ਆਪਣੇ ਵਾਸਤੇ ਦਾਸ, ਗ਼ਰੀਬ, ਢਾਡੀ, ਸ਼ਾਇਰ ਆਦਿ ਸ਼ਬਦ ਵਰਤਦੇ ਹਨ। ਮੁੱਕਦੀ ਗੱਲ, ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ ਇਨਸਾਨ ਮੰਨਦੇ ਹਨ। ਪਰ ਗੁਰੂ ਅਰਜਨ ਦੇਵ ਜੀ ਦੇ ਕਥਨ ਅਨੁਸਾਰ ਸਭ ਤੋਂ ਉੱਤਮ ਤੇ ਉੱਚੇ ਇਨਸਾਨ ਹਨ।

– ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥ (੭੫੦)

ਹਰ ਧਰਮ ਉਤੇ ਗੁਆਂਢੀ ਧਰਮਾਂ ਦਾ ਅਸਰ ਪਿਆ ਕਰਦਾ ਹੈ। ਸਿੱਖ ਧਰਮ ਤੇ ਹਿੰਦੂ ਮੱਤ ਦਾ ਆਪਸ ਵਿੱਚ ਗੂਹੜਾ ਸੰਬੰਧ ਹੈ। ਇਸ ਦਾ ਕਾਰਨ ਹੈ ਹਿੰਦੂ ਸਿੱਖਾਂ ਦਾ ਆਪਸ ਵਿੱਚ ਅਟੁੱਟ ਮਿਲਾਪ। ਸਮਾਜਿਕ ਤੌਰ ’ਤੇ ਦੋਹਾਂ ਨੂੰ ਨਿਖੇੜਨਾ ਔਖਾ ਹੈ। ਪਹਿਲੇ ਚਾਰ ਗੁਰੂ ਸਾਹਿਬਾਨ ਹਿੰਦੂ ਘਰਾਣਿਆਂ ਵਿੱਚ ਪ੍ਰਗਟ ਹੋਏ ਸਨ। ਸਿੱਖਾਂ ਦੀ ਬਹੁਗਿਣਤੀ ਵੀ ਹਿੰਦੂਆਂ ਵਿੱਚੋਂ ਹੀ ਆਈ ਹੈ। ਇਸ ਵਾਸਤੇ ਹਿੰਦੂ ਮੱਤ ਦਾ ਪ੍ਰਭਾਵ ਸਿੱਖਾਂ ਉੱਤੇ ਪੈਣਾ ਸੁਭਾਵਿਕ ਸੀ। ਹਿੰਦੂ ਭਗਵਾਨ ਰਾਮ ਚੰਦਰ ਤੇ ਭਗਵਾਨ ਕ੍ਰਿਸ਼ਨ ਨੂੰ ਈਸ਼ਵਰ (ਵਿਸ਼ਨੂੰ) ਦੇ ਅਵਤਾਰ ਮੰਨਦੇ ਹਨ। ਉਨ੍ਹਾਂ ਦੇ ਅਸਰ ਥੱਲੇ ਕੁਝ ਪੁਰਾਣੇ ਖ਼ਿਆਲਾਂ ਦੇ ਸਿੱਖ, ਗੁਰੂ ਨਾਨਕ ਦੇਵ ਜੀ ਨੂੰ ਵੀ ‘‘ਈਸ਼ਵਰ’’ ਦਾ ਅਵਤਾਰ ਕਹਿ ਦੇਂਦੇ ਹਨ। ਭਾਈ ਬਾਲੇ ਦੇ ਨਾਮ ਉੱਤੇ ਪ੍ਰਚੱਲਤ ‘‘ਜਨਮ ਸਾਖੀ’’ ਦੇ ਪ੍ਰਭਾਵ ਥੱਲੇ ਕਈ ਤਾਂ ਗੁਰੂ ਜੀ ਨੂੰ ‘‘ਰਾਜਾ ਜਨਕ’’ ਦਾ ਅਵਤਾਰ ਹੀ ਕਹੀ ਜਾਂਦੇ ਹਨ। ਪਰ ਗੁਰਦੇਵ ਦੀ ਆਪਣੀ ਬਾਣੀ ਪੜ੍ਹਿਆਂ ਇਹ ਦੋਵੇਂ ਗੱਲਾਂ ਸਿੱਧ ਨਹੀਂ ਹੁੰਦੀਆਂ।

ਹਿੰਦੂ ਮੱਤ ਅਨੁਸਾਰ ''ਵਿਸ਼ਨੂੰ'' ਦੇ ਦਸ ਅਵਤਾਰ ਮੰਨੇ ਗਏ ਹਨ: ਮੱਛ, ਕੱਛ, ਵਰਾਹ, ਨਰਸਿੰਘ, ਵਾਮਨ, ਪਰਸਰਾਮ, ਰਾਮ ਚੰਦਰ, ਕ੍ਰਿਸ਼ਨ ਤੇ ਬੁੱਧ। ਇਹ ਨੌਂ ਅਵਤਾਰ ਹੋ ਚੁੱਕੇ ਹਨ ਪਰ ਦਸਵਾਂ 'ਕਲਕੀ ਅਵਤਾਰ' ਅਜੇ ਹੋਣਾ ਹੈ।

ਗੁਰੂ ਨਾਨਕ ਦੇਵ ਜੀ, ਵਿਸ਼ਨੂੰ ਨੂੰ ਹੀ ਰੋਗੀ ਮੰਨਦੇ ਹਨ, ਤਾਂ ਉਹ ਵਿਸ਼ਨੂੰ ਦੇ ਅਵਤਾਰ ਕਿਵੇਂ ਹੋਏ?

- ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ॥
ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ॥ (੧੧੫੩)

ਜਿਵੇਂ ਸਾਰਾ ਸੰਸਾਰ ਹਉਮੈ ਦਾ ਰੋਗੀ ਹੈ, ਉਸੇ ਤਰ੍ਹਾਂ ਬ੍ਰਹਮਾ ਵਿਸ਼ਨੂੰ ਤੇ ਸ਼ਿਵਜੀ ਜੈਸੇ ਦੇਵਤੇ ਵੀ ਰੋਗੀ ਹਨ। ਇਸ ਰੋਗ ਤੋਂ (ਮੁਕਤ) ਬਚੇ ਹੋਏ ਉਹੋ ਹਨ, ਜਿਨ੍ਹਾਂ ਗੁਰੂ ਦੇ ਸ਼ਬਦ ਨੂੰ ਵਿਚਾਰ ਕੇ ਹਰੀ ਦਾ ਨਾਮ ਪਛਾਣਿਆ (ਜਪਿਆ) ਹੈ। ਦੇਵਤੇ ਤਾਂ ਨਿਰੰਕਾਰ ਦੇ ਦਰ ਤੇ ਖੜ੍ਹੇ ਬੇਨਤੀਆਂ ਕਰਦੇ ਰਹਿੰਦੇ ਹਨ।

- ਬ੍ਰਹਮਾ ਬਿਸਨੁ ਮਹੇਸੁ ਦੁਆਰੈ॥ ਊਭੇ ਸੇਵਹਿ ਅਲਖ ਅਪਾਰੈ॥ (੧੦੨੨)

ਬਾਕੀ ਰਹੀ 'ਰਾਜਾ ਜਨਕ' ਦੀ ਗੱਲ। ਉਸਨੂੰ ਵੱਧ ਤੋਂ ਵੱਧ 'ਰਾਜਾ ਇੰਦਰ' ਦਾ ਅਵਤਾਰ ਮੰਨਿਆ ਜਾਂਦਾ ਹੈ। ਵਿਸ਼ਨੂੰ ਦੇ ਅਵਤਾਰਾਂ ਵਿੱਚ ਉਸ ਦਾ ਨਾਮ ਨਹੀਂ ਹੈ। ਜਦ ਅਸੀਂ ਗੁਰੂ ਨਾਨਕ ਦੇਵ ਜੀ ਨੂੰ ਵਿਸ਼ਨੂੰ ਦਾ ਅਵਤਾਰ ਨਹੀਂ ਮੰਨਦੇ ਤਾਂ ਰਾਜਾ ਜਨਕ ਦਾ ਅਵਤਾਰ ਕਿਵੇਂ ਮੰਨ ਲਵਾਂਗੇ। ਉਹ ਤਾਂ ਵਿਸ਼ਨੂੰ ਤੋਂ ਬਹੁਤ ਛੋਟਾ ਸੀ।

ਇੱਕ ਸਵਾਲ ਹੋਰ ਬੜਾ ਜ਼ਰੂਰੀ ਹੈ। ਗੁਰੂ ਨਾਨਕ ਦੇਵ ਜੀ ਥਾਂ ਥਾਂ ਆਪਣੀ ਬਾਣੀ ਵਿੱਚ ''ਗੁਰੂ'' ਜਾਂ ''ਸਤਿਗੁਰ'' ਸ਼ਬਦ ਵਰਤਦੇ ਹਨ। ਹਜ਼ੂਰ ਆਪਣੇ ਗੁਰੂ ਉਤੇ ਸ਼ਰਧਾ ਵੀ ਅਟੁੱਟ ਪ੍ਰਗਟ ਕਰਦੇ ਹਨ:

- ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥ (੪੬੨)

ਸਵਾਲ ਪੈਦਾ ਹੁੰਦਾ ਹੈ ਕਿ ਫਿਰ ਗੁਰੂ ਨਾਨਕ ਦੇਵ ਜੀ ਕਿਸ ਨੂੰ ਆਪਣਾ ਗੁਰੂ ਮੰਨਦੇ ਹਨ? ਉੱਤਰ ਬਾਣੀ ਵਿੱਚੋਂ ਹੀ ਮਿਲਦਾ ਹੈ:

- ਸਰਬ ਜੀਆ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀ ਕੋਈ ਜੀਉ॥
ਆਪਿ ਅਲੇਖੁ ਕੁਦਰਤਿ ਕਰਿ ਦੇਖੈ ਹੁਕਮਿ ਚਲਾਏ ਸੋਈ ਜੀਉ॥
ਮਨ ਰੇ ਰਾਮ ਜਪਹੁ ਸੁਖੁ ਹੋਈ॥
ਅਹਿਨਿਸਿ ਗੁਰ ਕੇ ਚਰਨ ਸਰੇਵਹੁ ਹਰਿ ਦਾਤਾ ਭੁਗਤਾ ਸੋਈ॥ਰਹਾਉ॥
ਜੋ ਅੰਤਰਿ ਸੋ ਬਾਹਰਿ ਦੇਖਹੁ ਅਵਰੁ ਨ ਦੂਜਾ ਕੋਈ ਜੀਉ॥
ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ ਘਟਿ ਘਟਿ ਜੋਤਿ ਸਮੋਈ ਜੀਉ॥
ਚਲਤੌ ਠਾਕਿ ਰਖਹੁ ਘਰਿ ਅਪਨੈ ਗੁਰ ਮਿਲਿਐ ਇਹ ਮਤਿ ਹੋਈ ਜੀਉ॥
ਦੇਖਿ ਅਦ੍ਰਿਸਟੁ ਰਹਉ ਬਿਸਮਾਦੀ ਦੁਖੁ ਬਿਸਰੈ ਸੁਖੁ ਹੋਈ ਜੀਉ॥
ਪੀਵਹੁ ਅਪਿਉ ਪਰਮ ਸੁਖੁ ਪਾਈਐ ਨਿਜ ਘਰਿ ਵਾਸਾ ਹੋਈ ਜੀਉ॥
ਜਨਮ ਮਰਣ ਭਵ ਭੰਜਨੁ ਗਾਈਐ ਪੁਨਰਪਿ ਜਨਮੁ ਨ ਹੋਈ ਜੀਉ॥
ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ॥
ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥ (੫੯੮)

ਧੁਰੋਂ ਹੀ ਸਾਰੇ ਜੀਆਂ ਦੇ ਮੱਥੇ ਤੇ ਲੇਖ ਲਿਖੇ ਹੋਏ ਹਨ। ਲੇਖ ਤੋਂ ਬਿਨਾਂ ਕੋਈ ਨਹੀਂ। ਇੱਕ ਵਾਹਿਗੁਰੂ ਆਪ ਹੀ ਇਸ ਲੇਖੇ ਤੋਂ ਬਰੀ ਹੈ, ਜੋ ਕੁਦਰਤ ਨੂੰ ਰਚ ਕੇ ਉਸਦੀ ਸੰਭਾਲ ਕਰਦਾ ਤੇ ਆਪਣੇ ਹੁਕਮ ਵਿੱਚ ਚਲਾਉਂਦਾ ਹੈ। ਹੇ ਮਨ! ਉਸ ਵਾਹਿਗੁਰੂ ਦਾ ਨਾਮ ਜਪਿਆਂ ਹੀ ਸੁੱਖ ਮਿਲਦਾ ਹੈ। ਜੋ ਪ੍ਰਭੂ ਦਾਨ ਦੇਣ ਵਾਲਾ ਤੇ ਭੋਗਣ ਵਾਲਾ ਹੈ,

ਰਾਤ ਦਿਨ ਉਸ ਦੇ ਚਰਨਾਂ ਦੀ ਸੇਵਾ ਕਰੋ। ਜੋ ਅੰਦਰ ਵਸਦਾ ਹੈ, ਉਸਨੂੰ ਹੀ ਹਰ ਰੰਗ ਵਿੱਚ ਬਾਹਰ ਵੀ ਵੇਖੋ। ਉਸ ਤੋਂ ਬਿਨਾਂ ਦੂਸਰਾ ਕੋਈ ਨਹੀਂ। ਗੁਰੂ ਦੇ ਉਪਦੇਸ਼ ਦੁਆਰਾ ਐਸੀ ਇੱਕ ਨਜ਼ਰ ਨਾਲ ਵੇਖ, ਫਿਰ ਹਰ ਸਰੀਰ ਵਿੱਚ ਉਸੇ ਦੀ ਜੋਤ ਸਮਾਈ ਹੋਈ ਦਿਸੇਗੀ। ਇਸ ਭਟਕਦੇ ਮਨ ਨੂੰ ਰੋਕ ਕੇ ਆਪਣੇ ਅੰਦਰ ਹੀ ਟਿਕਾਈ ਰੱਖੋ, ਪਰ ਇਹ ਸੋਝੀ ਗੁਰੂ ਨੂੰ ਮਿਲਿਆਂ ਹੀ ਪ੍ਰਾਪਤ ਹੁੰਦੀ ਹੈ। ਉਸ ਅਦ੍ਰਿਸਟ (ਨਾ ਦਿਸਣ ਵਾਲੇ ਪ੍ਰਭੂ) ਨੂੰ ਵੇਖ ਕੇ ਵਿਸਮਾਦ ਅਵਸਥਾ ਵਿੱਚ ਰਹੋ, ਇਸ ਤਰ੍ਹਾਂ ਦੁੱਖ ਵਿਸਰ ਜਾਂਦੇ (ਦੂਰ ਹੋ ਜਾਂਦੇ) ਹਨ ਤੇ ਹਰ ਤਰ੍ਹਾਂ ਸੁੱਖ ਪ੍ਰਾਪਤ ਹੋ ਜਾਂਦਾ ਹੈ। ਇਹ ਅਪਿਉ (ਅੰਮ੍ਰਿਤ) ਪੀਵੋ, ਤਾਂ ਪਰਮ ਸੁੱਖ ਪਾ ਕੇ ਆਪਣੇ ਘਰ ਵਿੱਚ ਵਾਸਾ ਪ੍ਰਾਪਤ ਕਰੋ। ਜਨਮ ਮਰਨ ਦਾ ਗੇੜ ਨਾਸ ਕਰਨ ਵਾਲੇ (ਭਵ ਭੰਜਨ) ਪ੍ਰਭੂ ਦੀ ਸਿਫ਼ਤ ਗਾਈਏ, ਤਾਂ ਦੁਬਾਰਾ ਜਨਮ ਨਹੀਂ ਹੁੰਦਾ। ਤਤੁ ਨਿਰੰਜਨੁ ਪ੍ਰਭੂ ਸਾਰੇ ਜਗਤ ਦਾ ਅਸਲਾ (ਮੂਲ) ਹੈ। ਉਸਦੀ ਜੋਤ ਸਭ ਵਿੱਚ ਸੋਭ ਰਹੀ ਹੈ। ਇਸ ਵਿੱਚ ਕੋਈ ਭੇਦ (ਵਿੱਥ) ਨਹੀਂ। ਉਹ ਜੋ ਬੇਅੰਤ ਪਾਰਬ੍ਰਹਮ ਪ੍ਰਮੇਸਰ ਹੈ, ਨਾਨਕ ਨੂੰ ਉਹ ਗੁਰੂ ਮਿਲਿਆ ਹੈ, ਜਿਸ ਤੋਂ ਸਭ ਗਿਆਨ ਹੋਇਆ ਹੈ।

ਭਾਵ, ਗੁਰੂ ਨਾਨਕ ਦਾ ਗੁਰੂ **"ਅਪਰੰਪਰ ਪਾਰਬ੍ਰਹਮ ਪ੍ਰਮੇਸਰ"** ਹੈ। ਕੁਝ ਪ੍ਰਮਾਣ ਹੋਰ ਵੀ ਇਸੇ ਭਾਵ ਦੇ ਮਿਲਦੇ ਹਨ। ਜੋਗੀਆਂ ਨੇ ਗੁਰਦੇਵ ਉਤੇ ਪ੍ਰਸ਼ਨ ਕੀਤਾ ਸੀ:

– ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥
ਕਵਣ ਕਥਾ ਲੇ ਰਹਹੁ ਨਿਰਾਲੇ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ॥ (੯੪੨)

ਨਾਨਕ ਕਹਿੰਦਾ ਹੈ, (ਜੋਗੀਆਂ ਨੇ ਕਿਹਾ) ਹੇ ਬਾਲਕ! (ਨਾਨਕ) ਸੁਣ, ਦੱਸ ਜੀਵਨ ਦਾ ਮੂਲ ਕੀ ਹੈ? ਕਿਹੜੀ ਸਿੱਖਿਆ ਲੈਣ ਦਾ ਸਮਾਂ ਹੈ? ਤੂੰ ਕਿਸ ਗੁਰੂ ਦਾ ਚੇਲਾ ਹੈਂ? ਤੇ ਕਿਸ ਗੱਲ ਕਰਕੇ ਤੂੰ ਨਿਰਲੇਪ ਰਹਿੰਦਾ ਹੈਂ?

ਗੁਰਦੇਵ ਨੇ ਅੱਗੋਂ ਉੱਤਰ ਦਿੱਤਾ:

– ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥
ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥ (੯੪੩)

ਪਵਨ (ਪ੍ਰਾਣ) ਜ਼ਿੰਦਗੀ ਦਾ ਮੁੱਢ ਹਨ। ਸਤਿਗੁਰ ਦੀ ਸਿੱਖਿਆ ਲੈਣ ਦਾ ਸਮਾਂ ਹੈ। ਸ਼ਬਦ ਮੇਰਾ ਗੁਰੂ ਹੈ। ਮੇਰੀ ਸੁਰਤੀ ਦਾ ਟਿਕਾਣਾ ਚੇਲਾ ਹੈ। ਮੈਂ ਅਕੱਥ ਪ੍ਰਭੂ ਦੀਆਂ ਗੱਲਾਂ ਕਰਕੇ (ਗੁਣ ਗਾ ਕੇ) ਨਿਰਲੇਪ ਰਹਿੰਦਾ ਹੈ। ਜਿਹੜਾ ਗੋਪਾਲ (ਧਰਤੀ ਦੀ ਪਾਲਣਾ ਕਰਨ ਵਾਲਾ, ਈਸ਼ਵਰ) ਹਰ ਜੁਗ ਵਿੱਚ ਮੌਜੂਦ ਹੈ।

– ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ॥ (੮੭੮)

– ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ॥ (੬੩)

– ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥ (੬੩੫)

ਇੱਥੇ 'ਸਬਦੁ' ਵੀ 'ਅਕਾਲ ਪੁਰਖ' ਵਾਸਤੇ ਆਇਆ ਹੈ। ਭਾਵ ਬੜਾ ਸਪੱਸ਼ਟ ਹੈ। ਗੁਰੂ ਨਾਨਕ ਦੇਵ ਜੀ ਇੱਕ 'ਅਕਾਲ ਪੁਰਖ' ਨੂੰ ਆਪਣਾ ਗੁਰੂ ਮੰਨਦੇ ਹਨ। ਇਸੇ ਵਾਸਤੇ ਆਪ 'ਨਾਨਕ ਨਿਰੰਕਾਰੀ' ਅਖਵਾਉਂਦੇ ਸਨ, ਇੱਕ ਨਿਰੰਕਾਰ ਨੂੰ ਮੰਨਣ ਵਾਲੇ।

ਗੁਰੂ ਨਾਨਕ ਦੇਵ ਜੀ ਦਾ ਹੋਰ 'ਦੇਹਧਾਰੀ' ਗੁਰੂ ਕੋਈ ਨਹੀਂ ਸੀ, ਇਸ ਵਾਸਤੇ ਗੁਰੂ ਨਾਨਕ ਦੇਵ ਜੀ ਨੂੰ "ਜਨਮ ਗੁਰੂ" ਮੰਨਿਆ ਜਾਂਦਾ ਹੈ। ਬਾਕੀ ਨੌਂ ਗੁਰੂ ਸਾਹਿਬਾਨ "ਚੇਲਾ-ਗੁਰੂ" ਸਨ। ਲਹਿਣਾ ਜੀ ਪਹਿਲੇ ਚੇਲੇ (ਸਿੱਖ) ਸਨ। ਉਹ ਗੁਰੂ ਨਾਨਕ ਦੇਵ ਜੀ ਦੇ ਬਣਾਏ ਗੁਰੂ ਬਣੇ ਸਨ। ਪਰ ਗੁਰੂ ਨਾਨਕ ਦੇਵ ਜੀ ਜਨਮ ਤੋਂ ਗੁਰੂ ਸਨ।

'ਰੱਬ' ਸ਼ਬਦ ਵਿੱਚ ਸਮਾਇਆ ਹੋਇਆ ਹੈ, ਪਰ ਇਹ ਗੁਰੂ ਦੁਆਰਾ ਜਾਣਿਆਂ ਜਾ ਸਕਦਾ ਹੈ।

– ਗੁਰਮੁਖਿ ਵਿਰਲਾ ਕੋਈ ਬੂਝੈ ਸਬਦੇ ਰਹਿਆ ਸਮਾਈ॥ (੧੩੩੨)

ਚੌਥੇ ਪਾਤਸ਼ਾਹ ਫ਼ੁਰਮਾਉਂਦੇ ਹਨ।

– ਸਤਿਗੁਰੁ ਪੁਰਖੁ ਅਗੰਮੁ ਹੈ ਜਿਸੁ ਅੰਦਰਿ ਹਰਿ ਉਰਿ ਧਾਰਿਆ॥ (੩੧੨)

ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ ਕਿ ਪੂਰਨ ਗੁਰੂ ਪਾਰਬ੍ਰਹਮ (ਪ੍ਰਮਾਤਮਾ) ਹੀ ਹੈ।

– ਪਾਰਬ੍ਰਹਮ ਪੂਰਨ ਗੁਰਦੇਵ॥ (੧੯੩)

ਇੱਕ ਥਾਂ ਆਪ ਹੋਰ ਲਿਖਦੇ ਹਨ ਕਿ ਪ੍ਰਮੇਸਰ ਹੀ ਇੱਕ ਗੁਰੂ ਹੈ, ਜੋ ਸਾਰਿਆਂ ਵਿੱਚ ਸਮਾ ਰਿਹਾ ਹੈ।

– ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ॥
ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ॥(੪੯)

ਭਾਵ, ਅਸਲੀ ਗੁਰੂ 'ਪਰਮੇਸ਼ਰ' ਹੀ ਹੈ ਅਤੇ ਸਤਿਗੁਰੂ ਉਹ ਹੈ, ਜਿਸ ਨੂੰ 'ਸਤਿਪੁਰਖੁ' (ਈਸ਼ਵਰ) ਦਾ ਗਿਆਨ ਹੈ।

– ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥(੨੮੬)

ਇਸ ਤਰ੍ਹਾਂ ਪ੍ਰਮਾਤਮਾ ਤੇ ਗੁਰੂ ਦਾ ਨਿਖੇੜਾ ਕੀਤਾ ਗਿਆ ਹੈ। ਅੰਤ ਵਿੱਚ ਹਜ਼ੂਰ ਉਸ ਗੁਰੂ (ਪ੍ਰਮਾਤਮਾ) ਨੂੰ ਨਮਸਕਾਰ ਕਰਦੇ ਹਨ ਜੋ ਆਦਿ ਤੋਂ ਹੈ।

– ਆਦਿ ਗੁਰਏ ਨਮਹ॥ ਜੁਗਾਦਿ ਗੁਰਏ ਨਮਹ॥ਸਤਿਗੁਰਏ ਨਮਹ॥ ਸ੍ਰੀ ਗੁਰਦੇਵਏ ਨਮਹ॥ (੨੬੨)